# B.A. Part-III
# ਬੀ. ਏ. ਭਾਗ ਤੀਸਰਾ

**ਸਮੈਸਟਰ ਛੇਵਾਂ**

ਵਿਸ਼ਾ : ਪੰਜਾਬੀ (ਇਲੈਕਟਿਵ)

ਕੁਲ ਨੰਬਰ :100
(ਪੇਪਰ : 90 ਅਤੇ ਇੰਟਰਨਲ ਅਸੈਸਮੈਂਟ : 10)
ਸਮਾਂ: 3ਘੰਟੇ

**ਸਲੇਬਸ ਦੀ ਰੂਪ ਰੇਖਾ**

| | |
|---|---|
| 1. ਚੋਣਵਾਂ ਪੰਜਾਬੀ ਕਾਵਿ ਸੰਗ੍ਰਹਿ | 25 ਨੰਬਰ |
| 2. ਪੰਜਾਬੀ ਸਾਹਿਤ ਦਾ ਇਤਿਹਾਸ (ਆਰੰਭ ਤੋਂ 1700 ਤੱਕ) | 25 ਨੰਬਰ |
| 3. ਸਾਹਿਤ ਰੂਪ (ਨਾਵਲ, ਨਿੱਕੀ ਕਹਾਣੀ, ਨਾਟਕ, ਇਕਾਂਗੀ, ਰੇਖਾ ਚਿੱਤਰ, ਸਫ਼ਰਨਾਮਾ, ਨਿਬੰਧ, ਜੀਵਨੀ ਅਤੇ ਸਵੈ ਜੀਵਨੀ) | 20 ਨੰਬਰ |
| 4. ਅਨੁਵਾਦ (ਪੰਜਾਬੀ ਤੋਂ ਹਿੰਦੀ) | 20 ਨੰਬਰ |

**<u>ਸਲੇਬਸ ਵਿਚ ਲੱਗੀਆਂ ਪੁਸਤਕਾਂ</u>**

1. ਅਮਰਜੀਤ ਸਿੰਘ ਉਬਰਾਇ ਅਤੇ ਗੁਰਦਿਆਲ ਸਿੰਘ (ਸੰਪਾ.), **ਕਾਵਿ ਜੋਤਾਂ,** ਕੁਰੂਕਸ਼ੇਤਰ ਯੂਨੀਵਰਸਿਟੀ, ਕੁਰੂਕਸ਼ੇਤਰ।

(ਕੇਵਲ ਇਹ ਕਵੀ ਹੀ ਪੜ੍ਹੇ ਜਾਣਗੇ : ਗੁਰੂ ਅਰਜਨ ਦੇਵ, ਗੁਰੂ ਤੇਗ ਬਹਾਦਰ, ਸ਼ਾਹ ਹੁਸੈਨ, ਪੀਲੂ ਅਤੇ ਗੁਰੂ ਗੋਬਿੰਦ ਸਿੰਘ)

2.ਡਾ. ਪਰਮਿਦਰ ਸਿੰਘ (ਸੰਪਾ.), **ਪੰਜਾਬੀ ਸਾਹਿਤ ਦਾ ਇਤਿਹਾਸ,** ਪੰਜਾਬੀ ਯੂਨੀਵਰਸਿਟੀ, ਪਟਿਆਲਾ।

**ਜ਼ਰੂਰੀ ਨਿਰਦੇਸ਼ :**

1. **ਕਾਵਿ ਜੋਤਾਂ** ਵਿਚੋਂ ਦੋ ਪ੍ਰਸ਼ਨ ਪੁੱਛੇ ਜਾਣਗੇ। ਪਹਿਲਾ ਪ੍ਰਸ਼ਨ ਸਲੇਬਸ ਵਿਚ ਲੱਗੇ ਕਵੀਆਂ ਦੇ ਜੀਵਨ, ਰਚਨਾ, ਰਚਨਾ ਦ੍ਰਿਸ਼ਟੀ ਅਤੇ ਪੰਜਾਬੀ ਕਵਿਤਾ ਵਿਚ ਬਣਦੇ ਸਥਾਨ ਨਾਲ ਸਬੰਧਤ ਪੁੱਛਿਆ ਜਾਵੇਗਾ। ਇਹ ਸਵਾਲ ਇਸ ਤਰ੍ਹਾਂ ਪੁੱਛਿਆ ਜਾਵੇ ਕਿ ਵਿਦਿਆਰਥੀ ਇਸ ਦਾ ਜਵਾਬ ਸੰਖੇਪ ਰੂਪ ਵਿਚ ਲਗਭਗ 250-300 ਸ਼ਬਦਾਂ ਦੇ ਸਕੇ। ਇਹ ਸਵਾਲ 5 ਨੰਬਰ ਦਾ ਹੋਵੇਗਾ। ਦੂਸਰਾ ਸਵਾਲ ਪ੍ਰਸੰਗ ਸਹਿਤ ਵਿਆਖਿਆ ਦਾ ਹੋਵੇਗਾ। ਚਾਰ ਪੈਰ੍ਹੇ ਪ੍ਰਸੰਗ ਸਹਿਤ ਵਿਆਖਿਆ ਲਈ ਦਿੱਤੇ ਜਾਣਗੇ ਅਤੇ ਵਿਦਿਆਰਥੀ ਨੇ ਇਨ੍ਹਾਂ ਵਿਚੋਂ ਕੋਈ ਦੋ ਕਰਨੇ ਹੋਣਗੇ। ਇਹ ਸਵਾਲ 10 (5+5) ਨੰਬਰ ਦਾ ਹੋਵੇਗਾ।

2. 1700 ਈ. ਤੱਕ ਦੇ ਪੰਜਾਬੀ ਸਾਹਿਤ ਦੇ ਇਤਿਹਾਸ ਵਿਚੋਂ ਕੋਈ ਦੋ ਨਿਬੰਧਮੂਲਕ ਪ੍ਰਸ਼ਨ ਪੁੱਛੇ ਜਾਣਗੇ। ਜਿਨ੍ਹਾਂ ਵਿਚੋਂ ਵਿਦਿਆਰਥੀ ਨੇ ਕੋਈ ਇਕ ਪ੍ਰਸ਼ਨ ਕਰਨਾ ਹੋਵੇਗਾ। ਪ੍ਰਸ਼ਨ ਸਾਹਿਤਕ ਧਾਰਾਵਾਂ ਨਾਲ ਸਬੰਧਤ ਹੋਣਗੇ। ਇਹ ਪ੍ਰਸ਼ਨ 15 ਅੰਕ ਦਾ ਜੋਵੇਗਾ।

3. ਸਲੇਬਸ ਵਿਚ ਨਿਰਧਾਰਿਤ ਸਾਹਿਤ ਰੂਪਾਂ ਵਿਚੋਂ ਕਿਸੇ ਚਾਰ ਸਾਹਿਤ ਰੂਪਾਂ ਬਾਰੇ ਪੁੱਛਿਆ ਜਾਵੇਗਾ ਅਤੇ ਵਿਦਿਆਰਥੀ ਨੇ ਉਨ੍ਹਾਂ ਪੁੱਛੇ ਗਏ ਚਾਰ ਸਾਹਿਤ ਰੂਪਾਂ ਵਿਚੋਂ ਕੋਈ ਦੋ ਸਾਹਿਤ ਰੂਪ ਕਰਨੇ ਹੋਣਗੇ। ਇਹ ਪ੍ਰਸਨ 20(10+10) ਅੰਕਾਂ ਦਾ ਹੋਵੇਗਾ।

4. ਇਕ 200 ਤੋਂ 250 ਸ਼ਬਦਾਂ ਦਾ ਪੰਜਾਬੀ ਭਾਸ਼ਾ ਵਿਚ ਪੈਰ੍ਹਾ ਦਿੱਤਾ ਜਾਵੇਗਾ ਜਿਸਨੂੰ ਵਿਦਿਆਰਥੀ ਨੇ ਹਿੰਦੀ ਭਾਸ਼ਾ ਵਿਚ ਅਨੁਵਾਦ ਕਰਨਾ ਹੋਵੇਗਾ। ਇਹ ਪ੍ਰਸਨ 20 ਅੰਕਾਂ ਦਾ ਹੋਵੇਗਾ।

5. ਆਖਰੀ ਸਵਾਲ ਸਲੇਬਸ ਵਿਚ ਲੱਗੀਆਂ ਪੁਸਤਕਾਂ ਵਿਚੋਂ 20 ਵਸਤੂ ਨਿਸ਼ਠ ਪ੍ਰਸ਼ਨਾਂ (10 **ਕਾਵਿ ਜੋਤਾਂ** ਅਤੇ 10 ਪੰਜਾਬੀ ਸਾਹਿਤ ਇਤਿਹਾਸ ਵਿਚੋਂ) ਦਾ ਹੋਵੇਗਾ। ਹਰ ਪ੍ਰਸ਼ਨ ਦੇ ਚਾਰ ਵਿਕਲਪ ਦਿੱਤੇ ਹੋਣਗੇ ਅਤੇ ਵਿਦਿਆਰਥੀ ਨੇ ਸਹੀ ਵਿਕਲਪ ਲਿਖਣਾ ਹੋਵੇਗਾ। ਇਹ ਸਵਾਲ 20 ਨੰਬਰ ਦਾ ਹੋਵੇਗਾ।